ਰੋਜ਼ਾਨਾ ਸਪੋਕਸਮੈਨ

ਸ਼ਨਿਚਰਵਾਰ, 4 ਫ਼ਰਵਰੀ 2017

# 'ਸਮਾਜਕ ਤੌਰ 'ਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਦਾ ਦਰਜਾ ਦੇਣਾ ਚਾਹੀਦਾ ਹੈ'



ਬੇਲਾ ਬਹਿਰਾਮਪੁਰ ਬੇਟ, 3 ਫ਼ਰਵਰੀ (ਗੁਰਮੁੱਖ ਸਿੰਘ ਸਲਾਹਪੁਰੀ/ਸੁਰਿੰਦਰ ਰਾਣਾ): ਬੇਲਾ ਕਾਲਜ ਵਿਚ ਗਣਿਤ ਵਿਭਾਗ ਵਲੋਂ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਤੇ ਦੋ ਬੁਲਾਰੇ ਡਾ. ਹਰਪ੍ਰੀਤ ਕੌਰ (ਪੰਜਾਬੀ ਵਿਭਾਗ) ਅਤੇ ਪ੍ਰੋ ਮਮਤਾ ਅਰੋੜਾ (ਮੁਖੀ ਬਾਇਓਟੈਕ ਵਿਭਾਗ) ਨੇ ਸੰਬੋਧਨ ਕਰਦਿਆਂ ਕਿਹਾ

## ਬੇਲਾ ਕਾਲਜ 'ਚ ਗਣਿਤ ਵਿਭਾਗ ਵਲੋਂ ਕਰਵਾਇਆ ਗਿਆ ਵਿਸ਼ੇਸ਼ ਸੈਮੀਨਾਰ

ਕਿ ਔਰਤਾਂ ਅਤੇ ਮਰਦਾਂ ਦੀ ਬਰਾਬਰੀ ਹੋਣੀ ਚਾਹੀਦੀ ਹੈ।

ਆਰਥਕ ਪੱਖ ਔਰਤਾਂ ਮਰਦਾਂ ਦੇ ਬਰਾਬਰ ਅੱਜ ਖੜ੍ਹੀ ਹੈ ਪਰ ਸਮਾਜਕ ਤੌਰ 'ਤੇ ਵੀ ਉਸ ਨੂੰ ਬਰਾਬਰੀ ਦਾ ਦਰਜਾ ਦਿਤਾ ਜਾਣਾ ਚਾਹੀਦਾ ਹੈ। ਪ੍ਰੋ ਮਮਤਾ ਅਰੋੜਾ ਨੇ ਔਰਤਾਂ ਅਤੇ ਮਰਦਾਂ ਦੀ ਅਸਮਾਨਿਤਾ ਬਾਰੇ ਤੱਥਾਂ ਸਮੇਤ ਦਸਿਆ ਕਿ ਕਿਵੇਂ ਇਕ ਔਰਤ ਦੇ ਜਨਮ ਤੋਂ ਲੈ ਕੇ ਮਰਨ ਤਕ ਉਸ ਨਾਲ ਭੇਦਭਾਵ ਕੀਤਾ ਜਾਂਦਾ ਹੈ।

ਉਸ ਨੂੰ ਮਾਨਸਿਕ ਤੌਰ 'ਤੇ ਵੀ ਇਸ ਢੰਗ ਨਾਲ ਤਿਆਰ ਕੀਤਾ ਜਾਂਦਾ ਹੈ ਕਿ ਉਹ ਇਕ ਔਰਤ ਹੈ ਤੇ ਉਸ ਨੂੰ ਜ਼ਿੰਦਗੀ ਦੇ ਹਰ ਮੋੜ 'ਤੇ ਸਮਝੌਤਾ ਕਰਨਾ ਪੈਂਦਾ ਹੈ। ਡਾ.ਹਰਪ੍ਰੀਤ ਕੌਰ ਨੇ ਪ੍ਰਾਚੀਨ, ਮੱਧ ਅਤੇ ਆਧੁਨਿਕ ਯੁੱਗ ਵਿਚ ਔਰਤ ਦੀ ਸਥਿਤੀ ਬਾਰੇ ਦਸਿਆ। ਇਸ ਅਸਮਾਨਤਾ ਨੂੰ ਕਿਵੇਂ ਖ਼ਤਮ ਕੀਤਾ ਜਾ ਸਕਦਾ ਹੈ ਜਿਸ ਵਿਚ ਵਿਦਿਆਰਥੀਆਂ ਨੇ ਵੀ ਵੱਧ ਚੜ੍ਹ ਕੇ ਹਿੱਸਾ ਲਿਆ।

ਇਸ ਗੱਲ 'ਤੇ ਵੀ ਰੋਸ਼ਨੀ ਪਾਈ ਗਈ ਕਿ ਘਰ ਦੇ ਮੁੰਡੇ ਨੂੰ ਵੀ ਔਰਤਾਂ ਦੀ ਇੱਜ਼ਤ ਮਾਣ ਕਰਨ ਬਾਰੇ ਸਿਖਿਆ ਦੇਣੀ ਚਾਹੀਦੀ ਹੈ ਅੰਤ ਵਿਚ ਕਾਲਜ ਦੇ ਪ੍ਰਿੰਸੀਪਲ ਨੇ ਵੀ ਗਣਿਤ ਵਿਭਾਗ ਅਤੇ ਬਾਕੀ ਸਾਰੇ ਮੈਂਬਰਾਂ ਦਾ ਧਨਵਾਦ ਕੀਤਾ।